# ਪੰਜਾਬ ਸਰਕਾਰ
## ਮੈਡੀਕਲ ਸਿੱਖਿਆ ਤੇ ਖੋਜ ਵਿਭਾਗ
### (ਸਿਹਤ-3 ਸ਼ਾਖਾ)

<u>ਹੁਕਮ</u>

ਵਿਭਾਗੀ ਤਰੱਕੀ ਕਮੇਟੀ ਦੀਆਂ ਸ਼ਿਫਾਰਸਾ ਮਿਤੀ 19-06-2013 ਦੇ ਸਨਮੁੱਖ ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ / ਪਟਿਆਲਾ ਵਿਖੇ ਵੱਖ ਵੱਖ ਵਿਭਾਗਾਂ ਵਿੱਚ ਕੰਮ ਕਰ ਰਹੇ ਹੇਠ ਦਰਸਾਏ ਸਹਾਇਕ ਪ੍ਰੋਫੈਸਰਾਂ ਨੂੰ ਤਨਖਾਹ ਸਕੇਲ ਰੁਪਏ 37,400-67,000 + 10,000 ਗਰੇਡ ਪੇ ਵਿੱਚ ਬਤੌਰ ਪ੍ਰੋਫੈਸਰ ਪੱਦ ਉਨੱਤ ਕੀਤਾ ਜਾਂਦਾ ਹੈ: -

1) ਡਾਕਟਰ ਅਰਦਮਨ ਸਿੰਘ ਨੂੰ ਬਤੌਰ ਪ੍ਰੋਫੈਸਰ ਮੈਡੀਸਨ ਵਿਭਾਗ
2) ਡਾਕਟਰ ਸਵਿਤਾ ਕਪਿਲਾ ਨੂੰ ਬਤੌਰ ਪ੍ਰੋਫੈਸਰ ਮੈਡੀਸਨ ਵਿਭਾਗ
3) ਡਾਕਟਰ ਪੀ.ਡੀ. ਗਾਰਗੀ ਨੂੰ ਬਤੌਰ ਪ੍ਰੋਫੈਸਰ ਸਾਇਕੈਟਰੀ ਵਿਭਾਗ

2. ਇਹਨਾਂ ਉਕਤ ਪੱਦ ਉੱਨਤ ਹੋਏ ਪ੍ਰੋਫੈਸਰਾਂ ਦੀਆਂ ਪੱਦ ਉੱਨਤੀਆਂ ਹੇਠ ਦਰਸਾਈਆਂ ਸ਼ਰਤਾਂ ਤੇ ਹੋਣਗੀਆਂ: -

1) ਇੱਕ ਸਾਲ ਦੇ ਪਰਖ ਸਮੇਂ ਤੇ ਰਹਿਣਗੇ ।
2) ਪੰਜਾਬ ਮੈਡੀਕਲ ਐਜੂਕੇਸ਼ਨ ਸਰਵਿਸਜ਼ ਰੂਲ 1978, 1979, 1985 ਅਤੇ ਪੰਜਾਬ ਸਿਵਲ ਸਰਵਿਸਜ਼ (ਜਨਰਲ ਐਂਡ ਕਾਮਨ ਕੰਡਿਸ਼ਨ ਆਫ ਸਰਵਿਸ) ਰੂਲ, 1994 ਵਿੱਚ ਨਿਰਧਾਰਤ ਸ਼ਰਤਾਂ ਲਾਗੂ ਹੋਣਗੀਆਂ ।
3) ਇਹ ਹੁਕਮ ਵੱਖ-ਵੱਖ ਅਦਾਲਤਾਂ ਵਿੱਚ ਚੱਲ ਰਹੇ ਕੋਰਟ ਕੇਸਾਂ ਵਿੱਚ ਹੋਣ ਵਾਲੇ ਫੈਸਲਿਆਂ ਜਾਂ ਰਿਕਾਰਡ ਦੇ ਆਧਾਰ ਤੇ ਜਾਂ ਕੋਈ ਹੋਰ ਨਵੇਂ ਤੱਥ ਕਿਸੇ ਅਧਿਕਾਰੀ ਬਾਰੇ ਸਰਕਾਰ ਦੇ ਧਿਆਨ ਵਿੱਚ ਆਉਂਦੇ ਹਨ ਤਾਂ ਉਸ ਦੀ ਕੀਤੀ ਗਈ ਪਦ-ਉਨਤੀਆਂ ਬਾਰੇ ਮੁੜ ਵਿਚਾਰ ਕੀਤਾ ਜਾਵੇਗਾ ਅਤੇ ਬਿਨਾਂ ਕਿਸੇ ਨੋਟਿਸ ਤੋਂ ਉਸ ਨੂੰ ਹੇਠਲੀ ਆਸਾਮੀ ਤੇ ਰਿਵਰਟ ਕਰ ਦਿੱਤਾ ਜਾਵੇਗਾ ।
4) ਇਹ ਹੁਕਮ 85ਵੀਂ ਸਵਿਧਾਨਿਕ ਸੋਧ ਨੂੰ ਲਾਗੂ ਕਰਨ ਬਾਰੇ ਸਰਕਾਰ ਵਲੋਂ ਲਏ ਗਏ ਫੈਸਲੇ ਦੇ ਆਧਾਰਿਤ ਹੋਣਗੇ ।
5) ਜੇਕਰ ਕਿਸੇ ਅਧਿਕਾਰੀ ਵਿਰੁੱਧ ਭੈੜੇ ਕਥਨਾਂ ਬਾਰੇ ਜਾਂ ਵਿਭਾਗੀ ਕਾਰਾਵਾਈ ਆਦਿ ਦੇ ਚੱਲ ਰਹੇ ਕੇਸਾਂ ਬਾਰੇ ਸਰਕਾਰ ਦੇ ਧਿਆਨ ਵਿੱਚ ਆਉਂਦਾ ਹੈ ਤਾਂ ਕੀਤੀ ਪਦ-ਉੱਨਤੀ ਨੂੰ ਮੁੜ ਵਿਚਾਰਿਆ ਜਾਵੇਗਾ ।
6) ਇਹ ਪਦ-ਉੱਨਤੀਆਂ ਪ੍ਰਬੰਧਕੀ ਜਰੂਰਤਾਂ ਦੇ ਆਧਾਰ ਤੇ ਮੁੜ ਵਿਚਾਰੀਆਂ ਜਾਂ ਸਕਦੀਆਂ ਹਨ ।

ਮਿਤੀ, ਚੰਡੀਗੜ੍ਹ:
05-07-2013

ਵਿਨੀ ਮਹਾਜਨ
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ

ਪਿੱਠ ਅੰਕਣ ਨੰਬਰ : 1/29/2013-2ਸਸ3/3620-30 ਮਿਤੀ, ਚੰਡੀਗੜ੍ਹ : 5-7-2013

ਉਪਰਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆਂ ਜਾਂਦਾ ਹੈ:-

1) ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ ਵਿਭਾਗ, ਪੰਜਾਬ, ਚੰਡੀਗੜ੍ਹ ।
2) ਮਹਾਂ ਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ ।
3) ਮਹਾਂ ਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ ।
4) ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ।
5) ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ ।
6) ਸਬੰਧਤ ਡਾਕਟਰ ।
7) ਨਿੱਜੀ ਸਕੱਤਰ / ਐਮ.ਈ.ਆਰ.ਐਮ
8) ਨਿੱਜੀ ਸਕੱਤਰ / ਪੀ.ਐਸ.ਐਮ.ਈ.ਆਰ
9) ਨਿੱਜੀ ਸਹਾਇਕ / ਐੱਸ.ਐੱਸ.ਐੱਮ.ਈ.ਆਰ
10) ਨਿੱਜੀ ਸਹਾਇਕ / ਯੂ.ਐੱਸ.ਐੱਮ.ਈ.ਆਰ.
11) ਰਿਕਾਰਡਰ / ਸਿਹਤ-3 ਸ਼ਾਖਾ

( ਮਨਮੋਹਨ ਸਿੰਘ )
ਅਧੀਨ ਸਕੱਤਰ, ਮੈਡੀਕਲ ਸਿੱਖਿਆ ਤੇ ਖੋਜ

C:\Users\User\Desktop\Draft_Order_(Pbi)_D.P.C.doc